turn2us Edinburgh Trust ਐਡਿਨਬਰਾ ਟਰੱਸਟ

# ਪੈਸੇ ਲਈ ਸੰਘਰਸ਼ ਕਰ ਰਹੇ ਹੋ? ਅਸੀਂ ਇੱਥੇ ਮਦਦ ਕਰਨ ਲਈ ਹਾਂ।



ਐਡਿਨਬਰਾ ਟਰੱਸਟ ਐਡਿਨਬਰਾ ਵਿੱਚ ਉਨ੍ਹਾਂ ਲੋਕਾਂ ਨੂੰ ਗਰ੍ਾਂਟਾਂ ਦਿੰਦਾ ਹੈ ਜੋ ਵਿੱਤੀ ਤੌਰ 'ਤੇ ਸੰਘਰਸ਼ ਕਰ ਰਹੇ ਹਨ। ਅਸੀਂ ਯੂਕੇ ਚੈਰਿਟੀ ਟਰਨ2ਅੱਸ (Turn2us) ਦਾ ਹਿੱਸਾ ਹਾਂ।

ਗਰ੍ਾਂਟਾਂ ਲਈ ਅਰਜ਼ੀਆਂ ਸਾਡੇ ਰੈਫਰਲ (ਹਵਾਲਾ ਦੇਣ ਵਾਲੇ) ਭਾਈਵਾਲਾਂ ਵੱਲੋਂ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ। ਸਾਡੇ ਰੈਫਰਲ ਪਾਰਟਨਰ ਐਡਿਨਬਰਾ ਵਿੱਚ ਸੰਸਥਾਵਾਂ ਅਤੇ ਚੈਰਿਟੀਆਂ (ਪਰ-ਉਪਕਾਰੀ ਸੰਸਥਾਵਾਂ) ਹਨ। ਤੁਹਾਡਾ ਹਵਾਲਾ ਦੇਣ ਵਾਲਾ ਕੋਈ ਅਜਿਹਾ ਵਿਅਕਤੀ ਹੋਵੇਗਾ ਜਿਸ ਨੂੰ ਤੁਸੀਂ ਇਨ੍ਹਾਂ ਸੰਸਥਾਵਾਂ ਵਿੱਚੋਂ ਕਿਸੇ ਇੱਕ ਰਾਹੀਂ ਜਾਣਦੇ ਹੋ, ਜਿਸ ਦਾ ਕੰਮ ਤੁਹਾਨੂੰ ਸਹਾਇਤਾ ਜਾਂ ਸਲਾਹ ਮੁਹੱਈਆ ਕਰਨਾ ਹੈ।

## ਗਰ੍ਾਂਟ ਲਈ ਕੌਣ ਅਰਜ਼ੀ ਦੇ ਸਕਦਾ ਹੈ?

**ਸਾਡੀਆਂ ਗਰ੍ਾਂਟਾਂ ਉਨ੍ਹਾਂ ਲੋਕਾਂ ਲਈ ਉਪਲਬਧ ਹਨ ਜੋ ਐਡਿਨਬਰਾ ਸ਼ਹਿਰ ਵਿੱਚ ਰਹਿੰਦੇ ਹਨ, ਜਿਨ੍ਹਾਂ ਦੀ ਘਰੇਲੂ ਆਮਦਨ ਘੱਟ ਹੈ (ਪ੍ਰਤੀ ਸਾਲ £16k ਤੋਂ ਘੱਟ) ਅਤੇ ਘੱਟ ਬੱਚਤਾਂ ਹਨ।**

ਲੋਕ ਸਾਡੇ ਕੋਲ ਕਈ ਵੱਖ-ਵੱਖ ਕਾਰਨਾਂ ਕਰਕੇ ਗਰ੍ਾਂਟਾਂ ਲਈ ਆਉਂਦੇ ਹਨ। **ਤੁਸੀਂ ਫ਼ੈਸਲਾ ਕਰਦੇ ਹੋ ਕਿ ਤੁਸੀਂ ਕਿਸ ਲਈ ਦਰਖ਼ਾਸਤ ਦੇਣੀ ਚਾਹੁੰਦੇ ਹੋ।** ਉਦਾਹਰਨ ਲਈ, ਅਸੀਂ ਘਰੇਲੂ ਵਸਤੂਆਂ, ਕੱਪੜਿਆਂ, ਰੋਜ਼ਾਨਾ ਰਹਿਣ-ਸਹਿਣ ਦੇ ਖਰਚਿਆਂ ਵਿੱਚ ਮਦਦ ਲਈ, ਸਿਖਲਾਈ ਕੋਰਸਾਂ ਅਤੇ ਹੋਰ ਬਹੁਤ ਕੁਝ ਲਈ ਗਰ੍ਾਂਟਾਂ ਦਿੱਤੀਆਂ ਹਨ। ਅਸੀਂ ਫੌਰੀ ਅਤੇ ਵਿਹਾਰਕ ਲੋੜਾਂ ਲਈ ਵਿੱਤੀ ਸਹਾਇਤਾ ਮੁਹੱਈਆ ਕਰਦੇ ਹਾਂ, ਇਸ ਦੇ ਨਾਲ-ਨਾਲ ਉਨ੍ਹਾਂ ਖ਼ਰਚਿਆਂ ਲਈ ਵੀ ਜੋ ਤੁਹਾਡੀ ਲੰਬੀ ਮਿਆਦ ਦੀ ਵਿੱਤੀ ਸੁਰੱਖਿਆ ਲਈ ਸਹਾਇਤਾ ਕਰਦੇ ਹਨ।

Punjabi

# ਗਰ੍ਾਂਟ ਲਈ ਅਰਜ਼ੀ ਦੇਣ ਲਈ ਕਦਮ:

**ਪਹਿਲਾ ਕਦਮ:** **ਤੁਸੀਂ** ਆਪਣੇ ਰੈਫਰਰ ਕੋਲ **ਪੁਸ਼ਟੀ ਕਰਦੇ ਹੋ** ਕਿ ਤੁਸੀਂ ਗਰ੍ਾਂਟ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹੋ।

**ਕਦਮ ਦੋ:** ਤੁਸੀਂ ਅਤੇ ਤੁਹਾਡਾ ਰੈਫਰਰ ਇਕੱਠੇ ਮਿਲ ਕੇ **ਅਰਜ਼ੀ ਫਾਰਮ ਭਰਦੇ ਹੋ**।

**ਕਦਮ ਤਿੰਨ:** ਰੈਫਰਰ ਤੁਹਾਡੇ ਦਸਤਖ਼ਤ ਕੀਤੇ ਘੋਸ਼ਣਾ ਫਾਰਮ ਅਤੇ ਤੁਹਾਡੇ ਪਹਿਚਾਣ-ਪੱਤਰ ਦੀ ਕਾਪੀ (ਆਦਰਸ਼ ਤੌਰ 'ਤੇ ਇੱਕ ਬੈਂਕ ਕਾਰਡ ਹੁੰਦੀ ਹੈ ਤਾਂ ਜੋ ਜੇਕਰ ਅਸੀਂ ਗਰ੍ਾਂਟ ਦਾ ਭੁਗਤਾਨ ਕਰੀਏ ਤਾਂ ਸਾਡੇ ਕੋਲ ਸਹੀ ਵੇਰਵੇ ਹੋਣ) ਦੇ ਨਾਲ **ਤੁਹਾਡੀ ਅਰਜ਼ੀ ਜਮ੍ਹਾਂ** ਕਰਾਉਂਦਾ ਹੈ।

**ਚੌਥਾ ਕਦਮ:** ਅਸੀਂ ਤੁਹਾਡੇ ਵੱਲੋਂ ਅਰਜ਼ੀ 'ਤੇ ਸਾਂਝੀ ਕੀਤੀ ਗਈ ਜਾਣਕਾਰੀ ਨੂੰ ਚੰਗੀ ਤਰ੍ਹਾਂ ਨਾਲ ਪੜ੍ਹਦੇ ਹਾਂ ਅਤੇ ਇਹ **ਮੁਲਾਂਕਣ ਕਰਦੇ ਹਾਂ ਕਿ ਕੀ ਅਸੀਂ ਮਦਦ ਕਰ ਸਕਦੇ ਹਾਂ ਅਤੇ ਅਸੀਂ ਕਿਵੇਂ ਬਿਹਤਰੀਨ ਢੰਗ ਨਾਲ ਮਦਦ ਕਰ ਸਕਦੇ ਹਾਂ**।

**ਕਦਮ ਪੰਜ:** **ਅਸੀਂ ਤੁਹਾਨੂੰ** 10 ਦਿਨਾਂ ਦੇ ਅੰਦਰ **ਤੁਹਾਡੀ ਅਰਜ਼ੀ ਦੇ ਨਤੀਜੇ ਬਾਰੇ ਦੱਸਾਂਗੇ।** ਜੇਕਰ ਸਾਡੇ ਕੋਲ ਅਰਜ਼ੀ ਬਾਰੇ ਕੋਈ ਸਵਾਲ ਹੁੰਦੇ ਹਨ, ਤਾਂ ਅਸੀਂ ਤੁਹਾਡੇ ਨਾਲ ਅਤੇ ਤੁਹਾਡੇ ਰੈਫਰਰ ਨਾਲ ਸੰਪਰਕ ਕਰਾਂਗੇ।

**ਕਦਮ ਛੇ:** ਜੇਕਰ ਅਸੀਂ ਮਦਦ ਕਰ ਸਕਦੇ ਹਾਂ, ਤਾਂ ਅਸੀਂ ਫ਼ੈਸਲੇ ਦੇ **3-5 ਕੰਮਕਾਜੀ ਦਿਨਾਂ ਦੇ ਅੰਦਰ ਗਰ੍ਾਂਟ ਦਾ ਭੁਗਤਾਨ ਕਰਾਂਗੇ।**

**ਕਦਮ ਸੱਤ:** ਕੁਝ ਹਫ਼ਤਿਆਂ ਬਾਅਦ ਅਸੀਂ ਇਸ ਬਾਰੇ ਪ੍ਰਤੀਕਰਮ ਦੇਣ ਲਈ **ਤੁਹਾਨੂੰ ਇੱਕ ਸਰਵੇਖਣ ਈਮੇਲ** ਕਰਾਂਗੇ ਕਿ ਚੀਜ਼ਾਂ ਕਿਵੇਂ ਹਨ।

ਟਰਨ2ਅੱਸ (Turn2us) ਐਲਿਜ਼ਾਬੈਥ ਫਿਨ ਕੇਅਰ ਲਈ ਇੱਕ ਵਪਾਰਕ ਨਾਮ ਹੈ। ਐਲਿਜ਼ਾਬੈਥ ਫਿਨ ਕੇਅਰ ਇੰਗਲੈਂਡ ਅਤੇ ਵੇਲਜ਼ ਵਿੱਚ ਨੰਬਰ: 207812 ਨਾਲ; ਅਤੇ ਸਕੌਟਲੈਂਡ ਵਿੱਚ ਨੰਬਰ: SC040987 ਦੇ ਨਾਲ ਇੱਕ ਰਜਿਸਟਰ ਹੋਈ ਚੈਰਿਟੀ ਹੈ।



## ਗਰ੍ਾਂਟਾਂ ਦਾ ਭੁਗਤਾਨ ਕਿਵੇਂ ਕੀਤਾ ਜਾਂਦਾ ਹੈ?

ਸਾਡੀਆਂ ਗਰ੍ਾਂਟਾਂ ਦਾ ਭੁਗਤਾਨ ਆਮ ਤੌਰ 'ਤੇ ਤੁਹਾਨੂੰ ਸਿੱਧੇ ਤੌਰ 'ਤੇ ਕੀਤਾ ਜਾਂਦਾ ਹੈ, ਜਦੋਂ ਤੱਕ ਤੁਸੀਂ ਕਿਸੇ ਹੋਰ ਤਰ੍ਹਾਂ ਨਾਲ ਕਰਨ ਲਈ ਨਹੀਂ ਕਹਿੰਦੇ। ਉਹ ਆਮ ਤੌਰ 'ਤੇ £500 ਅਤੇ £1,000 ਦੇ ਵਿਚਕਾਰ ਹੁੰਦੀਆਂ ਹਨ।

**ਗਰ੍ਾਂਟਾਂ ਕਰਜ਼ ਨਹੀਂ ਹਨ:** ਉਨ੍ਹਾਂ ਨੂੰ ਵਾਪਸ ਅਦਾ ਕਰਨ ਦੀ ਲੋੜ ਨਹੀਂ ਹੈ ਅਤੇ ਅਸੀਂ ਰਸੀਦਾਂ ਦੀ ਮੰਗ ਨਹੀਂ ਕਰਦੇ।

ਪੂਰੀ ਜਾਣਕਾਰੀ ਸਾਡੇ ਵੈੱਬਪੇਜਾਂ 'ਤੇ ਦੇਖੀ ਜਾ ਸਕਦੀ ਹੈ। 'ਟਰਨ2ਅੱਸ ਐਡਿਨਬਰਾ ਟਰੱਸਟ (Turn2us Edinburgh Trust)' ਬਾਰੇ ਭਾਲ ਕਰੋ।

**ਤੁਸੀਂ ਸਾਨੂੰ 0131 202 2215 'ਤੇ ਕਾਲ ਕਰ ਸਕਦੇ ਹੋ ਜਾਂ ਇੱਥੇ ਈਮੇਲ ਕਰ ਸਕਦੇ ਹੋ: edinburgh@turn2us.org.uk**